http://www.gnduonline.com

**Sr. No. 865**

**Exam. Code: 112101**
**Subject Code : 7964**

## B. Design (Multimedia)- Ist Sem.

**(2116)**

**Basic Punjabi**

**Time allowed: 3 hrs.** **Max. Marks: 50**

<u>ਨੋਟ:</u> ਹਰ ਭਾਗ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ ਦਿਉ। ਹਰ ਪ੍ਰਸ਼ਨ 10 ਅੰਕਾਂ ਦਾ ਹੈ।

<u>ਭਾਗ-ਪਹਿਲਾ</u>

1. ਪੈਂਤੀ ਅੱਖਰੀ ਦੀ ਬਣਤਰ ਅਤੇ ਤਰਤੀਬ ਬਾਰੇ ਚਰਚਾ ਕਰੋ।

ਜਾਂ

2. ਪੈਂਤੀ ਅੱਖਰੀ ਨੂੰ ਪੈਂਤੀ ਅੱਖਰੀ ਕਿਉਂ ਕਿਹਾ ਜਾਂਦਾ ਹੈ? (10)

<u>ਭਾਗ ਦੂਜਾ</u>

3. ਲਗਾਂ ਮਾਤਰਾ ਦੀ ਪਰਿਭਾਸ਼ਾ ਕਰੋ। ਗੁਰਮੁਖੀ ਲਿੱਪੀ ਦੀਆਂ ਲਗਾਂ ਮਾਤਰਾਵਾਂ ਬਾਰੇ ਉਦਾਹਰਨਾਂ ਸਹਿਤ ਚਰਚਾ ਕਰੋ।

ਜਾਂ

4. ਪੈਰ ਵਿਚ ਪੈਣ ਵਾਲੇ ਵਰਣਾਂ ਬਾਰੇ ਉਦਾਹਰਨਾਂ ਸਹਿਤ ਚਰਚਾ ਕਰੋ। (10)

<u>ਭਾਗ ਤੀਜਾ</u>

5. ਬਿੰਦੀ ਅਤੇ ਟਿੱਪੀ ਦੀ ਵਰਤੋਂ ਦੇ ਨਿਯਮਾਂ ਬਾਰੇ ਚਰਚਾ ਕਰੋ।

ਜਾਂ

6. ਹੇਠਾਂ ਦਿੱਤੇ ਸ਼ਬਦਾਂ ਤੇ ਬਿੰਦੀ ਜਾਂ ਟਿੱਪੀ ਦੀ ਵਰਤੋਂ ਕਰੋ:-
ਜਗ, ਬਾਦਰ, ਭਾਡਾ, ਮੀਹ, ਅਗੂਰ, ਸਤਰਾ, ਕਾ, ਜਲਧਰ, ਦਸਬਰ, ਕਿਤਾਬਾ (10)

<u>ਭਾਗ ਚੌਥਾ</u>

7. ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਿਉਂ ਕੀਤੀ ਜਾਂਦੀ ਹੈ? ਪੰਜਾਬੀ ਵਿੱਚ ਵਰਤੇ ਜਾਂਦੇ ਵਿਸ਼ਰਾਮ ਚਿੰਨ੍ਹਾਂ ਬਾਰੇ ਸੰਖੇਪ ਚਰਚਾ ਕਰੋ।

ਜਾਂ

ਪਰਤੋ:-

http://www.gnduonline.com

http://www.gnduonline.com

**Sr. No. 865**

**Exam. Code: 112101**
**Subject Code : 7964**



8. ਹੇਠਾਂ ਦਿੱਤੇ ਪੈਰ੍ਹੇ 'ਤੇ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ:-

ਦਲੀਪ ਕੌਰ ਟਿਵਾਣਾ ਕੇਵਲ ਇਸਤਰੀ ਲੇਖਿਕਾ ਹੀ ਨਹੀਂ ਇਸਤਰੀ ਦੀ ਲੇਖਿਕਾ ਵੀ ਹੈ ਬਹੁਤ ਸਾਰੇ ਨਾਵਲ ਲਿਖਣ ਤੋਂ ਇਲਾਵਾ ਉਹ ਤਕਰੀਬਨ ਨੌ ਕਹਾਣੀ-ਸੰਗ੍ਰਹਿਆਂ ਦੀ ਵੀ ਲੇਖਿਕਾ ਹੈ ਤ੍ਰਾਟਾਂ ਸਾਧਨਾ ਵੇਦਨਾ ਵੈਰਾਗੇ ਨੈਣ ਤੂੰ ਭਰੀ ਹੁੰਗਾਰਾ ਯਾਤਰਾ ਕਿਸੇ ਦੀ ਧੀ ਇਕ ਕੁੜੀ ਤੇਰਾ ਕਮਰਾ ਮੇਰਾ ਕਮਰਾ ਉਸ ਦੇ ਨਾਵਲ ਏਹ ਹਮਾਰਾ ਜੀਵਣਾ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਅਤੇ ਉਸ ਉੱਤੇ ਆਧਾਰਿਤ ਟੈਲੀ ਫਿਲਮ ਵੀ ਬਣ ਚੁੱਕੀ ਹੈ (10)

<u>ਭਾਗ ਪੰਜਵਾਂ</u>

9. ਨਾਂਵ ਦੀ ਪਰਿਭਾਸ਼ਾ ਦਿਉ। ਇਸ ਦੀਆਂ ਕਿਸਮਾਂ ਬਾਰੇ ਵੀ ਸੰਖੇਪ ਜਾਣਕਾਰੀ ਦਿਉ।

ਜਾਂ

10. ਵਚਨ ਬਦਲੋ :-
ਅੱਖ, ਫਿਲਮ, ਪੱਤਾ, ਕਿਤਾਬ, ਕਵਿਤਾ, ਤਾਰਾ, ਗਮਲਾ, ਮੇਲਾ, ਖੱਟਾ, ਬੱਚਾ (10)

**********

865(2116)100

http://www.gnduonline.com